# ਬੰਦੀ ਛੋੜ ਦਿਵਸ, ਦੀਵਾਲੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਟਿਆਲਾ

ਵਿਸ਼ੇਸ਼ ਸਪਲੀਮੈਂਟ
ਅਜੀਤ, ਚੰਡਗੜ੍ਹ ਸੋਮਵਾਰ, 20 ਅਕਤੂਬਰ 2025



## ਵਿਸ਼ੇਸ਼ ਪਿਆਰ ਅਤੇ ਪ੍ਰਮੁੱਖ ਸ਼ਖ਼ਸੀਅਤਾਂ


ਬਾਬਾ ਸਰਬਜੀਤ ਸਿੰਘ ਭੱਲਾ, ਖਮਾਣੋਂ ਵਾਲੇ


ਸੁਖਵਿੰਦਰ ਸਿੰਘ ਫੁੱਲ, ਇੰਚਾਰਜ ਉਪ ਦਫ਼ਤਰ ਸੰਗਰੂਰ


ਡਾ. ਐਸ.ਪੀ. ਸਿੰਘ ਉਬਰਾਏ


ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ, ਸਾ. ਪ੍ਰਧਾਨ ਐਸ.ਜੀ.ਪੀ.ਸੀ.

## ਕੁਦਰਤ ਨੇ ਧਨਾਢ ਸੋਚ ਨੂੰ ਕੀਤਾ ਬੌਣਾ



ਲੰਘੇ ਦਿਨੀਂ ਗੁਆਂਢੀ ਸੂਬਿਆਂ 'ਚ ਬਰਸਾਤ ਵਲੋਂ ਦਿਖਾਈ ਗਈ ਬੇਤਰਤੀਬੀ ਨੇ ਕੁਦਰਤ ਨਾਲ ਹਰ ਥਾਂ ਮੱਥਾ ਡਾਹੁਣ ਵਾਲੇ ਇਨਸਾਨੀ ਵਰਤਾਰੇ ਨੂੰ ਬਹੁਤ ਬੌਣਾ ਕਰ ਸਭ ਦੇ ਸਾਹਮਣੇ ਰੱਖਿਆ। ਵੱਡੀ ਗਿਣਤੀ ਲੋਕ ਤਣਾਅ ਦੂਰ ਕਰਨ ਲਈ ਪਹਾੜਾਂ ਦਾ ਰੁਖ ਕਰਦੇ ਹਨ ਜਿਨ੍ਹਾਂ ਦੀ ਵੱਡੀ ਗਿਣਤੀ 'ਚ ਮੈਦਾਨੀ ਇਲਾਕਿਆਂ ਦੀ ਕੁਦਰਤੀ ਸੁੰਦਰਤਾ ਨੂੰ ਤਹਿਸ ਨਹਿਸ ਕਰਨ ਵਾਲੀ ਧਨਾਢ ਬਿਰਤੀ ਵਲੋਂ ਪੈਸਾ ਕਮਾਉਣ ਲਈ ਪਹਾੜਾਂ ਦਾ ਰੁਖ ਕਰ ਲੈਣਾ ਵੀ ਇਸ ਦਾ ਇਕ ਕਾਰਨ ਹੈ। ਪਹਾੜੀ ਬਾਸ਼ਿੰਦਿਆਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਜਿਸ ਸੁੰਦਰਤਾ ਕਾਰਨ ਲੋਕ ਉਨ੍ਹਾਂ ਦੇ ਸੂਬਿਆਂ ਵੱਲ ਆਕਰਸ਼ਿਤ ਹੋ ਰਹੇ ਹਨ ਉਹ ਨਾ ਰਹੀ ਤਾਂ ਕੀ ਬਣੇਗਾ? ਸੈਲਾਨੀਆਂ ਦਾ ਸਵਾਗਤ ਹੋਵੇ ਪਰ ਆਪਣੀ ਧਰਤੀ ਦੀ ਸੁੰਦਰਤਾ ਕਿਸੇ ਕੀਮਤ 'ਤੇ ਖ਼ਰਾਬ ਨਾ ਹੋਵੇ ਇਸ ਲਈ ਹਰ ਇਕ ਉਸ ਵਿਅਕਤੀ ਨੂੰ ਤਤਪਰ ਰਹਿਣਾ ਪਵੇਗਾ ਜੋ "ਧਰਤੀ ਹਮਾਰੀ ਮਾਤਾ ਜਾਂ ਧਰਤੀ ਸਾਡੀ ਮਾਂ" ਕਹਿ ਕੇ ਧਰਤੀ ਦੇ ਲਾਲ ਅਖਵਾਉਂਦੇ ਨਹੀਂ ਥੱਕਦੇ।

-ਅਮਰਬੀਰ ਸਿੰਘ ਆਹਲੂਵਾਲੀਆ

*ਤੂੰ ਲਾਖ ਬੇਵਫ਼ਾ ਹੈ ਮਗਰ ਸਿਰ ਉਠਾ ਕੇ ਚੱਲ, ਦਿਲ ਰੋ ਪੜੇਗਾ ਤੁਝੇ ਪਸ਼ੇਮਾਂ ਦੇਖ ਕਰ। -ਹਿਮਾਂਸ਼ੀ
* ਹਮੇਂ ਬਣਾ ਦਿਆ ਤੁਮਹਾਰੀ ਨਜ਼ਰ ਮੇਂ ਦੁਨੀਆ ਨੇ ਲੱਕੜਹਾਰਾ, ਪਰ ਹਮ ਪੇੜੋਂ ਕੋ ਪਰਿੰਦੋਂ ਕੀ ਤਰ੍ਹਾ ਦੇਖਨੇ ਕੇ ਆਦੀ ਹੈ। -ਅਗਿਆਤ


ਅਰਵਿੰਦ ਕੇਜਰੀਵਾਲ ਕੌਮੀ ਕਨਵੀਨਰ 'ਆਪ'



ਭਗਵੰਤ ਸਿੰਘ ਮਾਨ, ਮੁੱਖ ਮੰਤਰੀ, ਪੰਜਾਬ


ਡਾ. ਬਲਬੀਰ ਸਿੰਘ ਸਿਹਤ ਮੰਤਰੀ, ਪੰਜਾਬ


ਡਾ. ਰਵਜੋਤ ਸਿੰਘ ਸਥਾਨਕ ਸਰਕਾਰਾਂ ਮੰਤਰੀ


ਬਲਤੇਜ ਪੰਨੂ, ਪ੍ਰਮੁੱਖ ਬੁਲਾਰਾ, ਨਸ਼ਾ ਮੁਕਤੀ ਮੋਰਚਾ

"ਮੇਰਾ ਵਾਰਡ ਮੇਰਾ ਘਰ"
ਮੁਹਿਮ ਦੀ ਸੂਬੇ 'ਚ ਸ਼ੁਰੂਆਤ ਕਰ ਸਫ਼ਾਈ ਮੁਹਿਮ ਚਲਾਉਣ ਵਾਲੇ ਸੀਨੀਅਰ ਡਿਪਟੀ ਮੇਅਰ ਨਗਰ ਨਿਗਮ ਪਟਿਆਲਾ ਹਰਿੰਦਰ ਕੋਹਲੀ ਵਲੋਂ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਸਭ ਨੂੰ ਮੁਬਾਰਕਾਂ


ਹਰਿੰਦਰ ਕੋਹਲੀ, ਸੀਨੀਅਰ ਡਿਪਟੀ ਮੇਅਰ

## ਵਕਤ ਵਿਚਾਰੇ ਸੋ ਬੰਦਾ ਹੋਏ



ਅਮਰਬੀਰ ਸਿੰਘ ਆਹਲੂਵਾਲੀਆ
ਵਿਸ਼ੇਸ਼ ਪ੍ਰਤੀਨਿਧ,
ਉਪ-ਦਫ਼ਤਰ, ਪਟਿਆਲਾ
ਮੋ. 98885-04091

ਜੋ ਕੁੱਝ ਦੇਸ਼ ਅੰਦਰ ਪਿਛਲੇ 70 ਸਾਲਾਂ ਵਿਚ ਵਿਗੜਿਆ ਉਸ ਵਿਚ ਰਾਜਨੀਤਕ ਢਾਂਚਾ, ਪ੍ਰਸ਼ਾਸਨਿਕ ਢਾਂਚਾ, ਧਾਰਮਿਕ ਖੇਤਰ ਹੋਵੇ ਨੂੰ ਦਰੁਸਤ ਕਰਨ ਲਈ ਤੁਹਾਨੂੰ ਕਿੰਨਾ ਸਮਾਂ ਲੱਗੇਗਾ, ਬਾਰੇ ਇਸ ਤਾਣੇ ਬਾਣੇ ਨੂੰ ਖ਼ਰਾਬ ਕਰਨ ਵਾਲਾ ਹੀ ਤੈਅ ਕਰਨ ਲੱਗ ਪਵੇ ਤਾਂ ਬਹੁਤੀ ਵਾਜਬ ਗੱਲ ਨਹੀਂ ਲਗਦੀ। ਦੇਸ਼ ਨੂੰ ਜਾਂ ਸੂਬੇ ਨੂੰ ਚਲਾਉਣ, ਆਪਣਾ ਅਤੇ ਆਪਣੀ ਭਾਵੀ ਪੀੜ੍ਹੀ ਦਾ ਸੁਨਹਿਰਾ ਭਵਿੱਖ ਲੋਚਣ ਵਾਲੇ ਲੋਕਾਂ ਵਲੋਂ ਅਥਾਹ ਵਿਸ਼ਵਾਸ ਨਾਲ ਕਈ ਦਹਾਕੇ ਰਵਾਇਤੀ ਚਿਹਰਿਆਂ ਨੂੰ ਵੋਟਾਂ ਪਾ ਕੇ ਦੇਸ਼ ਅਤੇ ਸੂਬੇ ਦੀ ਕਮਾਨ ਸੌਂਪੀ ਜਾਂਦੀ ਰਹੀ ਹੈ। ਜਿਸ ਪਿੱਛੇ ਪਰਜਾਤੰਤਰ ਨੂੰ ਮਜ਼ਬੂਤ ਕਰਨਾ ਵੀ ਇਕ ਮਕਸਦ ਸੀ। ਪਰੰਤੂ ਇਸ ਲੰਮੇ ਸਮੇਂ ਨੇ ਦੇਸ਼ ਅਤੇ ਸੂਬੇ ਅੰਦਰ ਹਰ ਖੇਤਰ 'ਤੇ ਦਾਅਵੇਦਾਰੀ ਠੋਕਣ ਵਾਲੇ ਮਜ਼ਬੂਤ ਪਰਿਵਾਰਵਾਦ ਨੂੰ ਜਨਮ ਦਿੱਤਾ ਕਿਹਾ ਜਾਵੇ ਤਾਂ ਵੀ ਗਲਤ ਨਹੀਂ ਲੱਗਦਾ।

ਪਿਛਲੇ ਡੇਢ ਕੁ ਦਹਾਕੇ ਵਿਚ ਦੇਸ਼ ਅਤੇ ਸੂਬਿਆਂ ਅੰਦਰ ਪਰਿਵਾਰਵਾਦ ਦੀ ਰਾਜਨੀਤਕ ਖੇਤਰ ਅੰਦਰ ਮਜ਼ਬੂਤ ਜੜ੍ਹ ਨੂੰ ਜਨਤਾ ਵਲੋਂ ਪੁੱਟ ਨਵਾਂ ਬੂਟਾ ਲਗਾਉਣ ਦੀ ਪਹਿਲ ਕੀਤੀ ਗਈ। ਜਿਸ ਨੂੰ ਭਾਂਪਦੇ ਹੋਏ ਦਹਾਕਿਆਂ ਤੋਂ ਰਾਜਨੀਤਕ ਖੇਤਰ 'ਚ ਕਾਬਜ਼ ਪਰਿਵਾਰਾਂ ਨੂੰ ਮਜਬੂਰੀਵੱਸ ਨਵੇਂ ਅਤੇ ਨੌਜਵਾਨ ਚਿਹਰਿਆਂ ਨੂੰ ਵੀ ਸਾਹਮਣੇ ਲਿਆਉਣਾ ਪੈ ਰਿਹਾ ਹੈ ਜੋ ਦੇਸ਼ ਦੀ ਨੌਜਵਾਨ ਪੀੜ੍ਹੀ ਲਈ ਸ਼ੁੱਭ ਸੰਕੇਤ ਵੀ ਹੈ। ਇਹ ਤਾਂ ਵੀ ਜ਼ਰੂਰੀ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਪਰਿਵਾਰਵਾਦ ਨੂੰ ਰਿਸ਼ਵਤਖ਼ੋਰੀ, ਨਸ਼ੇ ਦੇ ਚਲਦੇ ਦਰਿਆ ਅਤੇ ਹਰ ਖੇਤਰ 'ਚ ਆ ਰਹੀ ਧਾਰਮਿਕ ਨਿੱਘਰਦਾ ਦਾ ਜਨਮਦਾਤਾ ਕਿਹਾ ਜਾਵੇ ਤਾਂ ਵੀ ਗਲਤ ਨਹੀਂ ਹੋਵੇਗਾ। ਸਰਕਾਰ ਚਾਹੇ ਕੇਂਦਰ ਦੀ ਹੋਵੇ ਚਾਹੇ ਸੂਬਿਆਂ ਦੀ ਇਸ ਦੇ ਮੋਢੀਆਂ ਅਤੇ ਨੀਤੀ ਘਾੜਿਆਂ ਨੂੰ ਸਮੇਂ ਦੀ ਨਬਜ਼ ਨੂੰ ਸਮਝਦਿਆਂ ਦੇਸ਼ਪ੍ਰਸਤੀ ਨੂੰ ਸਭ ਤੋਂ ਅੱਗੇ ਰਖ ਫ਼ੈਸਲੇ ਲੈਣ ਵਾਲੇ ਬਣਨਾ ਪਵੇਗਾ। ਖ਼ਾਸ ਕਰ ਉਨ੍ਹਾਂ ਨੌਜਵਾਨਾਂ ਲਈ ਜੋ ਰਾਜਨੀਤਕ ਖੇਤਰ 'ਚ ਆਉਣ ਸਾਰ ਆਪਣੇ ਆਪ ਨੂੰ ਅਥਾਹ ਸ਼ਕਤੀ ਦੇ ਮਾਲਕ ਸਮਝ 'ਰੱਬ ਨੂੰ ਟੱਬ' ਜਾਂ 'ਅਸਮਾਨ ਵੱਲ ਦੇਖ ਥੁੱਕਣ' ਲੱਗ ਪੈਂਦੇ ਹਨ। ਅਜਿਹੇ ਨੌਜਵਾਨਾਂ ਨੂੰ ਸਰਪ੍ਰਸਤ ਬਣਾ ਕੇ ਘਾਗ ਅਧਿਕਾਰੀ ਤੇ ਵਪਾਰੀ ਆਪਣੇ ਮਨੋਰਥ ਸਹਿਜੇ ਹੀ ਸਰ ਕਰ ਜਾਂਦੇ ਹਨ ਜੋ ਕੁੱਝ ਸਮੇਂ ਬਾਅਦ ਹੀ ਸਰਕਾਰਾਂ ਦੀ ਫਜੀਹਤ ਦਾ ਕਾਰਨ ਸਾਬਤ ਹੁੰਦੇ ਹਨ। ਗੱਲ ਕਰੀਏ ਤਾਂ ਨਗਰ ਨਿਗਮ ਪਟਿਆਲਾ ਦੀ ਤਾਂ ਮੌਜੂਦਾ ਸਮੇਂ ਸੂਬਾ ਸਰਕਾਰ ਵਲੋਂ ਮੇਅਰ ਦੇ ਰੂਪ ਵਿਚ ਕੁੰਦਨ ਗੋਗੀਆ ਨੂੰ ਅੱਗੇ ਲਿਆਂਦਾ ਗਿਆ ਜਿਨ੍ਹਾਂ ਦਾ ਰਾਜਨੀਤਕ ਪਿਛੋਕੜ ਉਨ੍ਹਾਂ ਦੀ ਲੰਬੇ ਸਮੇਂ ਤੋਂ ਆਮ ਲੋਕਾਂ 'ਚ ਵਿਚਰਨ ਦੀ ਆਦਤ ਅਤੇ ਪਾਰਟੀ ਪ੍ਰਤੀ ਵਫ਼ਾਦਾਰੀ ਹੀ ਹੈ। ਜੋ ਫਿਲਹਾਲ ਉਸੇ ਤਰ੍ਹਾਂ ਬਰਕਰਾਰ ਦਿੱਖ ਰਹੀ ਹੈ। ਕੁੱਝ ਮਹੀਨਿਆਂ 'ਚ ਨਗਰ ਨਿਗਮ ਦੇ ਕਈ ਵਿਭਾਗਾਂ 'ਚੋਂ ਵਿਗੜੇ ਤਾਣੇ ਬਾਣੇ ਦਾ ਵਿਰੋਧ ਕਰਦਿਆਂ ਨਿਗਮ ਦੀ ਆਮਦਨ 'ਚ ਚੋਖਾ ਇਜ਼ਾਫਾ ਕੀਤਾ।

ਇਸ ਵਿਚ ਕੌਂਸਲਰਾਂ ਖ਼ਾਸ ਕਰ ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ, ਡਿਪਟੀ ਮੇਅਰ ਜਗਦੀਪ ਸਿੰਘ ਜੱਗਾ, ਸਮੂਹ ਕੌਂਸਲਰ ਭਾਵੇਂ ਹਾਕਮ ਧਿਰ ਦੇ ਹੋਣ ਭਾਵੇਂ ਵਿਰੋਧੀ ਧਿਰ ਦੇ ਨਾਲ-ਨਾਲ ਮੁਲਾਜ਼ਮਾਂ ਦੇ ਵੱਡੇ ਹਿੱਸੇ ਵਲੋਂ ਵੀ ਉਨ੍ਹਾਂ ਦੀ ਹਾਂ 'ਚ ਹਾਂ ਮਿਲਾਈ ਗਈ। ਜਿਸ ਨਾਲ ਆਮ ਜਨਤਾ ਵਲੋਂ ਭਰੇ ਜਾਂਦੇ ਟੈਕਸ ਦੀ ਹੋ ਰਹੀ ਦੁਰਵਰਤੋਂ ਨੂੰ ਪਈ ਠੱਲ੍ਹ ਨਾਲ ਲੋਕਾਂ ਵਿਚ ਸੂਬਾ ਸਰਕਾਰ ਦੀ ਛਬੀ ਵੀ ਹਾਂ ਪੱਖੀ ਬਣੀ ਹੈ। ਇਸ ਤੋਂ ਇਲਾਵਾ ਸੂਬਾ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਵਿਭਾਗ ਦੇ ਮੰਤਰੀ ਡਾ. ਰਵਜੋਤ ਸਿੰਘ ਵਲੋਂ ਵੀ ਉਨ੍ਹਾਂ ਦੇ ਲੋਕ ਪੱਖੀ ਫ਼ੈਸਲਿਆਂ ਨੂੰ ਤੁਰੰਤ ਹੁੰਗਾਰਾ ਮਿਲਦਾ ਦੱਸਿਆ ਜਾ ਰਿਹਾ ਹੈ।





**ਸਲਾਹ:** ਕੇਵਲ ਵਾਤਾਵਰਣ ਪੱਖੀ ਪਟਾਕਿਆਂ (ਜੋ ਬੇਰੀਅਮ ਸਾਲਟ ਜਾਂ ਐਂਟੀਮਨੀ, ਲੀਥੀਅਮ, ਮਰਕਰੀ, ਆਰਸੈਨਿਕ, ਲੈਡ ਜਾਂ ਸ਼ਟਰੋਨਸੀਅਮ, ਕੋਮੇਟ ਦੇ ਮਿਸ਼ਰਣ ਰਹਿਤ) ਦੀ ਵਿਕਰੀ ਕਰਨ ਅਤੇ ਵਰਤਣ ਦੀ ਆਗਿਆ ਹੈ। ਲੜੀਬੰਦ ਪਟਾਕਿਆਂ ਜਾਂ ਲੜੀਆਂ ਦਾ ਉਤਪਾਦਨ, ਭੰਡਾਰ, ਵੰਡ, ਵਿਕਰੀ ਅਤੇ ਵਰਤੋ ਕਰਨ ਦੀ ਆਗਿਆ ਨਹੀ ਹੈ।

### ਪਟਾਕਿਆਂ ਦੇ ਹਾਨੀਕਾਰਕ ਪ੍ਰਭਾਵ

- **ਜਹਿਰੀਲੀਆਂ ਅਤੇ ਖਤਰਨਾਕ ਗੈਸਾਂ ਦਾ ਉਤਪਾਦਨ:** ਕਾਰਬਨ ਮੋਨੋਆਕਸਾਈਡ, ਆਕਸਾਈਡ ਆਫ ਸਲਫਰ ਅਤੇ ਨਾਈਟ੍ਰੋਜ਼ਨ ਅਤੇ ਵਾਤਾਵਰਣ ਵਿੱਚ ਧਾਤਾਂ ਜਿਵੇਂ ਕਿ ਐਲੂਮੀਨੀਅਮ ਬੇਰੀਅਮ ਅਤੇ ਆਇਰਨ।
- ਜਹਿਰੀਲੀ ਗੈਸਾਂ ਅਤੇ ਧਾਤਾਂ, ਕੈਂਸਰ, ਗੁਰਦਿਆਂ ਦਾ ਨੁਕਸਾਨ, ਦਿਲ ਦਾ ਦੌਰਾ, ਜੈਨੇਟਿਕ ਪਰਿਵਰਤਨ ਅਤੇ ਬਹੁਤ ਸਾਰੇ ਹੋਰ ਰੋਗਾਂ ਦਾ ਕਾਰਣ ਬਣਦੇ ਹਨ।
- ਅੱਖਾਂ ਨੂੰ ਨੁਕਸਾਨ ਅਤੇ ਚਮੜੀ ਦੇ ਜਲਣ ਵਰਗੀ ਦੁਰਘਟਨਾਵਾਂ।
- ਅੱਗ ਲੱਗਣ ਨਾਲ ਸੰਪਤੀ ਨੂੰ ਨੁਕਸਾਨ ਦਾ ਖਤਰਾ।
- ਮੱਨੁਖਾਂ ਅਤੇ ਜਾਨਵਰਾਂ ਨੂੰ ਪਰੇਸ਼ਾਨੀ।
- ਅੱਖਾਂ ਨੂੰ ਨੁਕਸਾਨ ਅਤੇ ਚਮੜੀ ਦੇ ਜਲਣ ਵਰਗੀ ਦੁਰਘਟਨਾਵਾਂ।
- ਅੱਗ ਲੱਗਣ ਨਾਲ ਸੰਪਤੀ ਨੂੰ ਨੁਕਸਾਨ ਦਾ ਖਤਰਾ।
- ਮੱਨੁਖਾਂ ਅਤੇ ਜਾਨਵਰਾਂ ਨੂੰ ਪਰੇਸ਼ਾਨੀ।
- ਸ਼ੋਰ ਪ੍ਰਦੂਸ਼ਣ।

### ਅਪੀਲ

ਭਾਰਤ ਸਰਕਾਰ ਵਲੋਂ ਕੂੜਾ ਕਰਕਟ, ਪਲਾਸਟਿਕ ਦੇ ਲਿਫਾਫਿਆਂ ਅਤੇ ਇਸ ਤੋਂ ਪੈਦਾ ਹੋਣ ਵਾਲੀਆਂ ਹਾਨੀਕਾਰਕ ਗੈਸਾਂ ਦੇ ਨਿਪਟਾਰੇ ਨੂੰ ਮੁੱਖ ਰਖਦਿਆਂ ਸਵੱਛ ਭਾਰਤ ਮਿਸ਼ਨ ਚਲਾਇਆ ਜਾ ਰਿਹਾ ਹੈ, ਜਿਸ ਤਹਿਤ ਘਰਾਂ ਅਤੇ ਦੁਕਾਨਾਂ ਦਾ ਗਿੱਲਾ ਅਤੇ ਸੁਕਾ ਕੂੜਾ ਵਖਰਾਂ ਰੱਖਿਆ ਜਾਵੇ ਤਾਂ ਜੋ ਸਰਕਾਰੀ ਨਿਯਮਾਂ ਅਨੁਸਾਰ ਪਲਾਸਟਿਕ ਦੇ ਲਿਫਾਫਿਆਂ ਉਪਰ ਪੂਰਨ ਤੌਰ ਤੇ ਪਾਬੰਦੀ ਲਗਾਈ ਹੋਈ ਹੈ ਅਤੇ ਇਸਦਾ ਇਸਤੇਮਾਲ ਕਰਨ ਵਾਲੇ ਵਿਅਕਤੀ ਵਿਰੁਧ ਜੁਰਮਾਨਾ ਵੀ ਨਿਰਧਾਰਿਤ ਕੀਤਾ ਗਿਆ ਹੈ। ਦੁਕਾਨਦਾਰਾਂ ਨੂੰ ਅਪੀਲ ਹੈ ਕਿ ਉਹ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਨਾ ਕਰਨ ਅਤੇ ਇਸ ਨੂੰ ਤਿਆਗ ਕੇ ਕਪੜੇ ਦੇ ਥੈਲੇ ਜਾਂ ਜੁਟ ਬੈਗ ਨੂੰ ਵਰਤੋ ਵਿਚ ਲਿਆਉਣ ਤਾਂ ਜੋ ਆਏ ਦਿਨ ਦੂਸ਼ਿਤ ਹੋ ਰਹੇ ਵਾਤਾਵਰਣ ਨੂੰ ਬਚਾਇਆ ਜਾ ਸਕੇ। ਇਸ ਤੋਂ ਇਲਾਵਾ ਲੋਕ ਆਪਣੇ ਘਰਾਂ ਦਾ ਗਿੱਲਾ ਅਤੇ ਸੁੱਕਾ ਕੂੜਾ ਅਲੱਗ-ਅਲੱਗ ਰੱਖਣ ਅਤੇ ਕੂੜਾ ਬਾਹਰ ਸੁਟਣ ਦੀ ਜਗ੍ਹਾ ਸਫਾਈ ਸੇਵਕ ਨੂੰ ਦਿੱਤਾ ਜਾਵੇ ਸ਼ਹਿਰ ਵਾਸੀ ਗਲੀਆਂ ਅਤੇ ਨਾਲੀਆਂ ਵਿੱਚ ਕੂੜਾ ਸੁਟਣ ਦੀ ਜਗ੍ਹਾ ਆਪਣੇ ਘਰਾਂ ਵਿੱਚ ਲੱਗੇ ਡਸਟਬਿਨਾਂ ਵਿਚ ਰੱਖਣ ਤਾਂ ਜੋ ਸਹਿਰ ਨੂੰ ਸਾਫ ਸੁਥਰਾ ਰੱਖਿਆ ਜਾ ਸਕੇ।




1. ਪੱਕਿਆਂ ਜਾਂ ਅਣਪੱਕਿਆ ਖਾਦ ਪਦਾਰਥ ਦਾ ਕੂੜਾ ਹੱਡੀਆਂ ਅਤੇ ਅੰਡੇ ਦੇ ਛਿਲਕਿਆਂ ਸਹਿਤ
2. ਫੁੱਲ, ਫੱਲ
3. ਸਬਜ਼ੀਆਂ ਦੇ ਛਿਲਕੇ
4. ਘਰੇਲੂ ਪੌਦਿਆਂ ਦੀ ਕਟਿੰਗ ਆਦਿ
5. ਗੰਗੇ ਕਾਗਜ਼ (ਇਸਤੇਮਾਲ ਕੀਤਾ ਟਾਇਲਟ ਪੇਪਰ ਅਤੇ ਕਾਗਜ਼ੀ ਤੋਲੀਏ)




1. ਕਾਗਜ਼ (ਅਖ਼ਬਾਰ, ਕਾਪੀਆਂ)
2. ਗੱਤਾ ਅਤੇ ਗੱਤੇ ਦੇ ਡੱਬੇ
3. ਹੋਰ ਡੱਬੇ ਤੇ ਪੈਕਿੰਗ ਬਸ਼ਰਤੇ ਉਹ ਜ਼ਹਿਰੀਲੇ ਨਾ ਹੋਣ
4. ਟੈਟਰਾ ਪੈਕਿੰਗ
5. ਪਲਾਸਟਿਕ
6. ਲੱਕੜ
7. ਪੁਰਾਣੀਆਂ ਲੀਰਾਂ
8. ਪੁਰਾਣੇ ਕੱਪੜੇ

ਜਾਰੀ ਕਰਤਾ
ਨਗਰ ਨਿਗਮ ਪਟਿਆਲਾ


ਸ਼੍ਰੀ ਕੁੰਦਨ ਗੋਗੀਆ
ਮੇਅਰ, ਨਗਰ ਨਿਗਮ ਪਟਿਆਲਾ


ਸ਼੍ਰੀ ਪਰਮਜੀਤ ਸਿੰਘ
ਕਮਿਸ਼ਨਰ, ਨਗਰ ਨਿਗਮ ਪਟਿਆਲਾ


ਸ਼੍ਰੀ ਹਰਿੰਦਰ ਕੋਹਲੀ
ਸੀਨੀਅਰ ਡਿਪਟੀ ਮੇਅਰ, ਨਗਰ ਨਿਗਮ ਪਟਿਆਲਾ


ਸ਼੍ਰੀ ਜਗਦੀਪ ਸਿੰਘ ਜੱਗਾ
ਡਿਪਟੀ ਮੇਅਰ, ਨਗਰ ਨਿਗਮ ਪਟਿਆਲਾ



ਬੰਦੀ ਛੋੜ ਦਿਵਸ, ਦੀਵਾਲੀ ਦੀਆਂ ਲੱਖ-ਲੱਖ ਮੁਬਾਰਕਾਂ!
ਵਲੋਂ :
ਨਗਰ ਨਿਗਮ ਦੀ ਹਦੂਦ ਅਤੇ ਵਿਸ਼ੇਸ਼ ਤੌਰ 'ਤੇ ਆਪਣੇ ਵਾਰਡ ਨੰਬਰ 58 ਦੀ ਤਰੱਕੀ ਲਈ ਹਮੇਸ਼ਾ ਤਤਪਰ ਰਹਾਂਗਾ।


ਕੌਂਸਲਰ ਗੁਰਜੀਤ ਸਿੰਘ ਸਾਹਨੀ ਵਾਰਡ ਨੰਬਰ 58


ਰਵਿੰਦਰਪਾਲ ਸਿੰਘ ਜੌਨੀ ਕੋਹਲੀ

ਬੰਦੀ ਛੋੜ ਦਿਵਸ, ਦੀਵਾਲੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਸਭਨਾਂ ਨੂੰ ਮੁਬਾਰਕਬਾਦ। ਸੂਬੇ 'ਚ ਸੁੱਖ ਸ਼ਾਂਤੀ ਰਹੇ ਤੇ ਵਾਰਡ ਨੰ. 43 ਤਰੱਕੀ ਦੀਆਂ ਲੀਹਾਂ 'ਤੇ ਤੁਰਦਾ ਹੋਇਆ ਨਵੀਆਂ ਪੁਲਾਂਘਾਂ ਪੁੱਟੇ।


ਰਮਨਪ੍ਰੀਤ ਕੌਰ ਕੋਹਲੀ ਕੌਂਸਲਰ ਵਾਰਡ ਨੰ. 43


ਅੰਮ੍ਰਿਤਪਾਲ ਸਿੰਘ ਪਾਲੀ

ਬੰਦੀ ਛੋੜ ਦਿਵਸ, ਦੀਵਾਲੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਸਭਨਾਂ ਨੂੰ ਮੁਬਾਰਕਬਾਦ। ਸੂਬੇ 'ਚ ਸੁੱਖ ਸ਼ਾਂਤੀ ਰਹੇ ਤੇ ਵਾਰਡ ਨੰ. 41 ਤਰੱਕੀ ਦੀਆਂ ਲੀਹਾਂ 'ਤੇ ਤੁਰਦਾ ਹੋਇਆ ਨਵੀਆਂ ਪੁਲਾਂਘਾਂ ਪੁੱਟੇ।


ਅਮਨਪ੍ਰੀਤ ਕੌਰ, ਕੌਂਸਲਰ ਵਾਰਡ ਨੰ. 41

ਬੰਦੀ ਛੋੜ ਦਿਵਸ, ਦੀਵਾਲੀ ਦੀਆਂ ਲੱਖ-ਲੱਖ ਮੁਬਾਰਕਾਂ
ਆਓ, ਸਾਰੇ ਵਾਰਡ ਨੂੰ ਸਾਫ਼ ਸੁਥਰਾ ਰੱਖਣ ਬਿਹਤਰੀ ਅਤੇ ਤਰੱਕੀ ਲਈ ਕੰਮ ਕਰੀਏ।
ਵਲੋਂ :
ਜਗਤਾਰ ਸਿੰਘ ਤਾਰੀ
ਕੌਂਸਲਰ ਵਾਰਡ ਨੰ. 46



ਬੰਦੀ ਛੋੜ ਦਿਵਸ, ਦੀਵਾਲੀ ਦੀਆਂ ਲੱਖ-ਲੱਖ ਮੁਬਾਰਕਾਂ
ਵਲੋਂ :
ਰਾਜੇਸ਼ ਕੁਮਾਰ ਰਾਜੂ ਸਾਹਨੀ,
ਵਾਰਡ ਨੰ. 48,
ਕੌਂਸਲਰ 'ਆਪ'


ਰਾਜੇਸ਼ ਕੁਮਾਰ ਰਾਜੂ ਸਾਹਨੀ